# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 19-01-2025**

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਦੇਸ਼, ਪੁਲਾੜ ਤਕਨਾਲਜੀ ਵਿੱਚ ਨਵੇਂ ਮਾਪਦੰਡ ਕਾਇਮ ਕਰ ਰਿਹਾ ਏ ।
- ਅੱਜ ਆਕਾਸ਼ਵਾਣੀ 'ਤੇ ਆਪਣੇ ਮਨ ਕੀ ਬਾਤ ਪ੍ਰੋਗਰਾਮ ਵਿੱਚ ਰਾਸ਼ਟਰ ਨੂੰ ਸੰਬੋਧਨ ਕਰਦਿਆਂ, ਸ਼੍ਰੀ ਮੋਦੀ ਨੇ ਪੁਲਾੜ ਖੇਤਰ ਵਿੱਚ ਰਾਸ਼ਟਰ ਦੀਆਂ ਹਾਲੀਆ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ।
- ਪੰਜਾਬ ਦੇ ਮੁਖ ਮੰਤਰੀ ਭਗਵੰਤ ਸਿੰਗ ਮਾਨ ਨੇ ਅੱਜ ਮੋਗਾ ਦੇ ਜ਼ਿਲਾ ਪ੍ਰਬੰਧਕੀ ਕੰਪਲੈਕਸ ਦੇ ਪਸਾਰ ਦੇ ਕਾਰਜ ਦਾ ਨੀਂਹ ਪਥਰ ਰਖਿਆ ।
- ਜਲੰਧਰ ਦਿਹਾਤੀ ਪੁਲਿਸ ਨੇ ਮਹਿਤਪੁਰ ਤੋਂ 4 ਹਜ਼ਾਰ 30 ਲੀਟਰ ਜ਼ਹਿਰੀਲੀ ਰਸਾਇਣ ਅਧਾਰਿਤ ਸ਼ਰਾਬ ਬਰਾਮਦ ਕੀਤੀ ਏ।

- ਔਰਤਾਂ ਦੇ ICC UNDER 19, twenty – twenty ਕ੍ਰਿਕੇਟ ‘ਚ ਭਾਰਤ ਨੇ ਕੁਲਾਲਾਲ੍ਮ੍ਪੁਰ ‘ਚ west INDIES ਨੂੰ 9 ਵਿਕਟਾਂ ਨਾਲ ਹਰਾ ਦਿੱਤਾ ਏ ।

---------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਦੇਸ਼ ਪੁਲਾੜ ਤਕਨਾਲਜੀ ਵਿੱਚ ਨਵੇਂ ਮਾਪਦੰਡ ਕਾਇਮ ਕਰ ਰਿਹਾ ਏ ਤੇ ਦੂਰਅੰਦੇਸ਼ ਵਿਗਿਆਨੀ ਅਤੇ ਕਾਢਕਾਰ, ਭਵਿੱਖ ਦੀਆਂ ਚੁਣੌਤੀਆਂ ਦਾ ਹੱਲ ਪ੍ਰਦਾਨ ਕਰ ਰਹੇ ਨੇ. ਅੱਜ ਆਕਾਸ਼ਵਾਣੀ 'ਤੇ ਆਪਣੇ ਮਨ ਕੀ ਬਾਤ ਪ੍ਰੋਗਰਾਮ ਦੇ 118ਵੇਂ ਐਪੀਸੋਡ ਵਿੱਚ ਰਾਸ਼ਟਰ ਨੂੰ ਸੰਬੋਧਨ ਕਰਦਿਆਂ, ਸ਼੍ਰੀ ਮੋਦੀ ਨੇ ਪੁਲਾੜ ਖੇਤਰ ਵਿੱਚ ਰਾਸ਼ਟਰ ਦੀਆਂ ਹਾਲੀਆ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ। ਦੇਸ਼ ਦੇ ਪਹਿਲੇ ਨਿੱਜੀ ਉਪਗ੍ਰਹਿ ਸਮੂਹ ' Firefly' ਨੂੰ ਸਫਲਤਾ ਨਾਲ ਲਾਂਚ ਕਰਨ ਲਈ ਬੈਂਗਲੁਰੂ ਸਥਿਤ ਭਾਰਤੀ ਪੁਲਾੜ- ਤਕਨੀਕੀ ਸਟਾਰਟ-ਅੱਪ, Pixxel ਦੀ ਸ਼ਲਾਘਾ ਕਰਦਿਆਂ, ਪ੍ਰਧਾਨ ਮੰਤਰੀ ਨੇ ਇਸਨੂੰ ਸਵੈ-ਨਿਰਭਰਤਾ ਵੱਲ ਇੱਕ ਅਹਿਮ ਕਦਮ ਦੱਸਿਆ। ਓਹਨਾਂ ਕਿਹਾ ਕਿ, ਇਹ ਉਪਲਬਧੀ ਆਧੁਨਿਕ ਪੁਲਾੜ ਤਕਨਾਲੋਜੀ ਵਿੱਚ ਇੱਕ

ਆਗੂ ਵਜੋਂ ਭਾਰਤ ਦੀ ਸਥਿਤੀ ਨੂੰ ਉਜਾਗਰ ਕਰਦੀ ਏ ਅਤੇ ਨਿੱਜੀ ਪੁਲਾੜ ਖੇਤਰ ਦੀ ਵਧਦੀ ਤਾਕਤ ਅਤੇ ਨਵੀਨਤਾ ਨੂੰ ਦਰਸਾਉਂਦੀ ਏ।

**BYTE -**

ਪ੍ਰਧਾਨ ਮੰਤਰੀ ਨੇ ਉਪਗ੍ਰਹਿਆਂ ਦੀ ਸਪੇਸ ਡੌਕਿੰਗ ਦੀ ਵੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਤਕਨੀਕ ਪੁਲਾੜ ਵਿੱਚ, ਪੁਲਾੜ ਸਟੇਸ਼ਨਾਂ ਅਤੇ ਪੁਲਾੜ ਯਾਤਰੀ ਦਲ ਦੇ ਮਿਸ਼ਨਾਂ ਨੂੰ ਸਪਲਾਈ ਭੇਜਣ ਲਈ ਮਹੱਤਵਪੂਰਨ ਏ. ਉਨ੍ਹਾਂ ਕਿਹਾ ਕਿ, ਭਾਰਤ ਇਹ ਸਫਲਤਾ ਹਾਸਲ ਕਰਨ ਵਾਲਾ ਚੌਥਾ ਦੇਸ਼ ਬਣ ਗਿਆ ਏ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 75ਵੇਂ ਗਣਤੰਤਰ ਦਿਵਸ ਲਈ ਅਗਾਊਂ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਇਸ ਸਾਲ ਦਾ ਜਸ਼ਨ ਖਾਸ ਏ ਕਿਉਂਕਿ ਇਸ ਸਾਲ ਸੰਵਿਧਾਨ ਲਾਗੂ ਹੋਣ ਦੀ 75ਵੀਂ ਵਰ੍ਹੇਗੰਢ ਏ।

**BYTE**

ਸ੍ਰੀ ਮੋਦੀ ਨੇ ਸੰਵਿਧਾਨ ਤਿਆਰ ਕਰਨ ਵਿੱਚ ਯੋਗਦਾਨ ਪਾਉਣ ਵਾਲੇ ਸੰਵਿਧਾਨ ਸਭਾ ਦੇ ਮੈਂਬਰਾਂ ਨੂੰ ਸਲਾਮ ਕੀਤਾ। ਪ੍ਰਧਾਨ ਮੰਤਰੀ ਨੇ ਬਾਬਾ

ਸਾਹਿਬ ਅੰਬੇਡਕਰ, ਡਾ: ਰਾਜੇਂਦਰ ਪ੍ਰਸਾਦ ਅਤੇ ਡਾ: ਸ਼ਿਆਮਾ ਪ੍ਰਸਾਦ ਮੁਖਰਜੀ ਨੂੰ ਯਾਦ ਕਰਦਿਆਂ ਕਿਹਾ ਕਿ ਨਾਗਰਿਕਾਂ ਨੂੰ ਇਨ੍ਹਾਂ ਮਹਾਨ ਨੇਤਾਵਾਂ ਦੇ ਵਿਚਾਰਾਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਏ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ 25 ਜਨਵਰੀ ਨੂੰ ਮਨਾਏ ਜਾਣ ਵਾਲੇ ਰਾਸ਼ਟਰੀ ਵੋਟਰ ਦਿਵਸ ਦੀ ਮਹੱਤਤਾ 'ਤੇ ਵੀ ਚਾਨਣਾ ਪਾਇਆ। ਇਸ ਦਿਨ ਭਾਰਤ ਦੇ ਚੋਣ ਕਮਿਸ਼ਨ ਦੀ ਸਥਾਪਨਾ ਕੀਤੀ ਗਈ ਸੀ। ਉਨ੍ਹਾਂ ਨੇ ਦੇਸ਼ ਵਿੱਚ ਨਿਰਪੱਖ ਚੋਣਾਂ ਕਰਵਾਉਣ ਅਤੇ ਵੋਟਿੰਗ ਪ੍ਰਕਿਰਿਆ ਵਿੱਚ ਤਕਨਾਲੋਜੀ ਦੀ ਵਰਤੋਂ ਕਰਨ ਲਈ ਚੋਣ ਕਮਿਸ਼ਨ ਦੀ ਵਚਨਬੱਧਤਾ ਦੀ ਸ਼ਲਾਘਾ ਕੀਤੀ । ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ ਵਿੱਚ ਚੱਲ ਰਹੇ ਮਹਾਕੁੰਭ 'ਤੇ ਪ੍ਰਧਾਨ ਮੰਤਰੀ ਨੇ ਕਿਹਾ ਕਿ, ਇਹ ਬਰਾਬਰੀ ਅਤੇ ਸਦਭਾਵਨਾ ਦਾ ਅਸਾਧਾਰਨ ਸੰਗਮ ਏ । ਸਟਾਰਟ-ਅੱਪ ਇੰਡੀਆ ਦੇ 9 ਸਾਲ ਪੂਰੇ ਹੋਣ 'ਤੇ ਪ੍ਰਧਾਨ ਮੰਤਰੀ ਨੇ ਕਿਹਾ, ਦੇਸ਼ ਦਾ ਸਟਾਰਟ-ਅੱਪ ਸੱਭਿਆਚਾਰ ਵੱਡੇ ਸ਼ਹਿਰਾਂ ਤੱਕ ਸੀਮਤ ਨਹੀਂ ਏ ਅਤੇ ਅੱਧੇ ਤੋਂ ਵੱਧ ਸਟਾਰਟ-ਅੱਪ, ਟੀਅਰ 2 ਅਤੇ ਟੀਅਰ 3 ਸ਼ਹਿਰਾਂ ਤੋਂ ਨੇ ,

**BYTE**

ਨੇਤਾਜੀ ਸੁਭਾਸ਼ ਚੰਦਰ ਬੋਸ ਦੇ ਯੋਗਦਾਨ ਨੂੰ ਯਾਦ ਕਰਦੇ ਹੋਏ, ਪ੍ਰਧਾਨ ਮੰਤਰੀ ਨੇ ਕਿਹਾ ਕਿ, ਦੇਸ਼ ਨੇਤਾ ਜੀ ਦੀ ਜਨਮ ਵਰ੍ਹੇਗੰਢ 'ਤੇ 23 ਜਨਵਰੀ ਨੂੰ PARAKRAM DIWAS ਵਜੋਂ ਮਨਾਏਗਾ। ਸੁਭਾਸ਼ ਬਾਬੂ ਨੂੰ ਦੂਰਅੰਦੇਸ਼ ਆਗੂ ਕਰਾਰ ਦਿੰਦਿਆਂ ਸ਼੍ਰੀ ਮੋਦੀ ਨੇ ਕਿਹਾ ਕਿ, ਨੇਤਾ ਜੀ ਦੇ ਸੁਭਾਅ ਵਿੱਚ ਸਾਹਸ ਮੌਜੂਦ ਸੀ ।

---------------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਰਾਸ਼ਟਰੀ ਆਫ਼ਤ ਪ੍ਰਤੀਕਰਮ ਬਲ NDRF ਦੇ ਸਥਾਪਨਾ ਦਿਵਸ 'ਤੇ, ਬਲ ਦੇ ਬਹਾਦਰ ਜਵਾਨਾਂ ਨੂੰ ਸਲਾਮ ਕੀਤਾ ਏ । ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਸ਼੍ਰੀ ਮੋਦੀ ਨੇ NDRF ਦੇ ਬਹਾਦਰ ਜਵਾਨਾਂ ਦੀ ਦਲੇਰੀ, ਸਮਰਪਣ ਅਤੇ ਨਿਰਸਵਾਰਥ ਸੇਵਾ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ, ਜਾਨਾਂ ਬਚਾਉਣ, ਆਫ਼ਤਾਂ ਨਾਲ ਨਜਿੱਠਣ ਅਤੇ ਹੰਗਾਮੀ ਸਥਿਤੀ ਦੌਰਾਨ ਸੁਰੱਖਿਆ ਯਕੀਨੀ ਬਣਾਉਣ ਲਈ ਉਨ੍ਹਾਂ ਦੀ ਅਟੁੱਟ ਵਚਨਬੱਧਤਾ ਸੱਚਮੁੱਚ ਕਾਬਿਲ - ਏ - ਤਾਰੀਫ਼ ਏ । ਪ੍ਰਧਾਨ ਮੰਤਰੀ ਨੇ ਅੱਗੇ ਕਿਹਾ ਕਿ

NDRF ਨੇ ਆਫ਼ਤ ਪ੍ਰਤੀਕ੍ਰਿਆ ਅਤੇ ਆਫਤਾਂ ਸਮੇਂ ਪ੍ਰਬੰਧ ਵਿੱਚ ਵੀ ਆਲਮੀ ਮਾਪਦੰਡ ਕਾਇਮ ਕੀਤੇ ਨੇ।

---------------------------------------------------------------

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਏ ਕਿ ਆਫਤ ਸਮੇਂ ਪ੍ਰਬੰਧ ਸੰਬੰਧੀ ਪਹੁੰਚ ਨੇ, ਰਾਹਤ ਕੇਂਦਰਿਤ ਪਹੁੰਚ ਤੋਂ ਕੋਈ ਮੌਤ ਨਾ ਹੋਣ ਦੇਣ ਦੀ ਪਹੁੰਚ ਵਿਚ ਪੂਰੀ ਤਰ੍ਹਾਂ ਤਬਦੀਲੀ ਦੇਖੀ ਏ. ਓਹਨਾਂ ਕਿਹਾ ਕਿ NDRF ਨੇ ਆਫਤਾਂ ਸਮੇਂ ਪ੍ਰਬੰਧ ਬਾਰੇ ਲੋਕਾਂ ਵਿਚ ਵਿਸ਼ਵਾਸ ਪੈਦਾ ਕੀਤਾ ਏ. ਓਹਨਾਂ ਭਾਰਤ ਵਿਚ ਹਾਲ ਹੀ ਵਿਚ ਆਏ ਚਕਰਵਾਤ ਵਿਚ ਕਿਸੇ ਤਰ੍ਹਾਂ ਦੇ ਜਾਨੀ ਨੁਕਸਾਨ ਨਾ ਹੋਣ ਨੂੰ ਯਕੀਨੀ ਬਣਾਉਣ ਲਈ NDRF ਨੂੰ ਵਧਾਈ ਦਿੱਤੀ. ਓਹਨਾਂ ਕਿਹਾ ਕਿ NDRF ਆਪਣੀਆਂ ਸੇਵਾਵਾਂ ਨੂ ਭਾਰਤ ਦੀਆਂ ਸਰਹੱਦਾਂ ਤੋਂ ਅੱਗੇ ਵਧਾ ਰਿਹਾ ਏ ਅਤੇ ਆਫਤਾਂ ਸਮੇਂ ਪ੍ਰਬੰਧ ਵਿਚ ਭਾਰਤ ਨੂੰ ਇੱਕ ਮੋਹਰੀ ਸਥਾਨ ਦੇ ਰਿਹਾ ਏ. ਗ੍ਰਹਿ ਮੰਤਰੀ ਨੇ ਵਿਜੈਵਾੜਾ ਵਿਚ ਰਾਸ਼ਟਰੀ ਆਫਤ ਪ੍ਰਤੀਕਰਮ ਬਲ NDRF ਦੇ 20 ਵੇਂ ਸਥਾਪਨਾ ਦਿਵਸ ਸਮਾਰੋਹ ‘ਚ ਹਿੱਸਾ ਲਿਆ। ਇਸ ਮੌਕੇ ਗ੍ਰਹਿ ਮੰਤਰੀ ਨੇ ਆਂਧਰਾ ਪ੍ਰਦੇਸ਼ ਦੇ ਕ੍ਰਿਸ਼ਨਾ ਜ਼ਿਲੇ ਦੇ KONDPAVULURU ਵਿਚ National

Institute of Disaster Management (NIDM) ਦੇ ਦਖਣੀ ਕੈਂਪਸ ਦਾ ਉਦਘਾਟਨ ਕੀਤਾ. ਓਹਨਾਂ ਵਿਜੈਵਾੜਾ ਵਿਚ NDRF ਦੀ 10 ਵੀਂ ਬਟਾਲੀਅਨ ਕੈਂਪਸ, ਬਿਹਾਰ ਦੇ ਸੁਪੌਲ ਵਿਚ NDRF ਦੇ ਖੇਤਰੀ ਪ੍ਰਤੀਕਰਮ ਕੇਂਦਰ, ਤਿਰੁਪਤੀ ਵਿਚ ਖੇਤਰੀ ਫੋਰੈਂਸਿਕ ਵਿਗਿਆਨ ਪ੍ਰਯੋਗਸ਼ਾਲਾ ਦੀ ਇਮਾਰਤ ਦਾ ਉਦਘਾਟਨ ਕੀਤਾ ਅਤੇ ਗੋਰਖਪੁਰ ਵਿਚ NDRF ਦੇ ਖੇਤਰੀ ਪ੍ਰਤੀਕਰਮ ਕੇਂਦਰ ਦਾ ਨੀਂਹ ਪਥਰ ਵੀ ਰਖਿਆ।

---------------------------------------------------------

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਮੋਗਾ ਦੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ (ਡੀ.ਏ.ਸੀ.) ਦੇ ਪਸਾਰ ਦੇ ਕਾਰਜ ਦਾ ਨੀਂਹ ਪੱਥਰ ਰੱਖਿਆ। ਇਮਾਰਤ ਦੀ ਤੀਜੀ ਅਤੇ ਚੌਥੀ ਮੰਜ਼ਿਲ ਦੀ ਉਸਾਰੀ ਵਾਲੇ ਇਸ ਪ੍ਰਾਜੈਕਟ ਉੱਤੇ 10.31 ਕਰੋੜ ਰੁਪਏ ਦੀ ਲਾਗਤ ਆਵੇਗੀ। ਡੀ.ਏ.ਸੀ. ਦੀ ਇਮਾਰਤ ਵਿੱਚ ਚਾਰ ਬਲਾਕ ਸ਼ਾਮਲ ਹਨ, ਇਨ੍ਹਾਂ ਵਿੱਚ ਏ ਬਲਾਕ, ਬੀ ਬਲਾਕ, ਸੀ ਬਲਾਕ ਅਤੇ ਡੀ ਬਲਾਕ ਦਾ ਨਿਰਮਾਣ 2004 ਵਿੱਚ ਕੀਤਾ ਗਿਆ ਸੀ। ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਇਹ ਜ਼ਿਲ੍ਹੇ ਲਈ ਇਤਿਹਾਸਕ ਦਿਨ ਏ. ਉਨ੍ਹਾਂ ਕਿਹਾ ਕਿ ਵੱਖ-ਵੱਖ

ਦਫ਼ਤਰਾਂ ਨੂੰ ਦਰਪੇਸ਼ ਥਾਂ ਦੀ ਘਾਟ ਨੂੰ ਦੂਰ ਕਰਨ ਲਈ ਅਤੇ ਕੁਝ ਸਰਕਾਰੀ ਦਫ਼ਤਰ ਜੋ ਹੋਰ ਥਾਵਾਂ ਤੋਂ ਚਲਾਏ ਜਾ ਰਹੇ ਨੇ, ਨੂੰ ਤਬਦੀਲ ਕਰਨ ਲਈ ਦੋ ਹੋਰ ਮੰਜ਼ਿਲਾਂ ਬਣਾਈਆਂ ਜਾ ਰਹੀਆਂ ਨੇ। ਮੁੱਖ ਮੰਤਰੀ ਨੇ ਕਿਹਾ ਕਿ ਇਹ ਪ੍ਰਾਜੈਕਟ ਇਸ ਸਾਲ ਅਗਸਤ ਤੱਕ ਮੁਕੰਮਲ ਹੋ ਜਾਵੇਗਾ। ਇਹ ਅਤਿ-ਆਧੁਨਿਕ ਇਮਾਰਤ ਅੱਗ ਲਗਣ ਦਾ ਪਤਾ ਲਾਉਣ, ਐਮਰਜੈਂਸੀ ਨਿਕਾਸੀ ਅਤੇ ਪਬਲਿਕ ਐਡਰੈਸ ਸਿਸਟਮ ਨਾਲ ਵੀ ਲੈਸ ਹੋਵੇਗੀ। ਨਵਿਆਉਣਯੋਗ ਊਰਜਾ ਦੀ ਢੁਕਵੀਂ ਵਰਤੋਂ ਲਈ ਇਮਾਰਤ ਵਿੱਚ ਸੂਰਜੀ ਬਿਜਲੀ ਪੈਦਾ ਕਰਨ ਲਈ 95 ਕਿਲੋਵਾਟ ਦਾ ਸਿਸਟਮ ਲਗਾਇਆ ਜਾਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਜਿਹੀਆਂ ਇਮਾਰਤਾਂ ਲੋਕਾਂ ਦੀਆਂ ਭਵਿੱਖੀ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਬਣਾਈਆਂ ਜਾ ਰਹੀਆਂ ਨੇ।

---------------------------------------------------------------

ਇੱਕ ਮਹੱਤਵਪੂਰਨ ਸਫਲਤਾ ਹਾਸਲ ਕਰਦਿਆਂ ਜਲੰਧਰ ਦਿਹਾਤੀ ਪੁਲਿਸ ਨੇ ਬੀਤੀ ਰਾਤ ਨੂੰ ਮਹਿਤਪੁਰ ਦੀ ਹਵੇਲੀ ਟਾਵਰ ਕਲੋਨੀ ਵਿੱਚ ਇੱਕ ਅਸਥਾਈ ਗੈਰ-ਕਾਨੂੰਨੀ ਉਤਪਾਦਨ ਯੂਨਿਟ ਤੋਂ 4 ਹਜ਼ਾਰ 30

ਲੀਟਰ ਜ਼ਹਿਰੀਲੀ ਰਸਾਇਣ-ਅਧਾਰਤ ਸ਼ਰਾਬ ਬਰਾਮਦ ਕੀਤੀ ਏ । ਇਹ ਕਾਰਵਾਈ ਸਮਾਜ ਵਿਰੋਧੀ ਅਨਸਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਰੁੱਧ ਚੱਲ ਰਹੀ ਮੁਹਿੰਮ ਦੇ ਤਹਿਤ ਕੀਤੀ ਗਈ ਸੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਪੁਲਿਸ ਕਪਤਾਨ ਹਰਕਮਲ ਪ੍ਰੀਤ ਸਿੰਘ ਖੱਖ ਨੇ ਕਿਹਾ ਕਿ ਮਹਿਤਪੁਰ ਵਿੱਚ ਇੱਕ ਹਫ਼ਤੇ ਚੱਲੇ ਆਪ੍ਰੇਸ਼ਨ ਦੌਰਾਨ ਪੁਲਿਸ ਤਸਕਰਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖ ਰਹੀ ਸੀ। ਖੁਫੀਆ ਜਾਣਕਾਰੀ ਦੇ ਆਧਾਰ 'ਤੇ ਹਵੇਲੀ ਟਾਵਰ ਕਲੋਨੀ ਮਹਿਤਪੁਰ ਵਿਖੇ ਇੱਕ ਅਹਾਤੇ 'ਤੇ ਛਾਪਾ ਮਾਰਿਆ ਗਿਆ। ਪੁਲਿਸ ਨੇ ਸ਼ਰਾਬ ਦੇ ਉਤਪਾਦਨ ਲਈ ਵਰਤੇ ਜਾਣ ਵਾਲੇ ਜ਼ਹਿਰੀਲੇ ਰਸਾਇਣਾਂ ਦੇ ਲੁਕਵੇਂ ਭੰਡਾਰਨ ਨਾਲ ਸਬੰਧਤ ਇੱਕ ਵੱਡੇ ਪੱਧਰ 'ਤੇ ਕਾਰਵਾਈ ਦਾ ਪਰਦਾਫਾਸ਼ ਕੀਤਾ। ਮੌਕੇ ਤੋਂ, 1000-ਲੀਟਰ ਦੇ ਲੁਕੇ ਹੋਏ ਪਲਾਸਟਿਕ ਟੈਂਕ ਮਿਲੇ, ਜਿਨ੍ਹਾਂ ਦਾ ਪਤਾ ਇੱਕ ਜ਼ਮੀਨ ਹੇਠਲੇ ਪੰਪ ਸਿਸਟਮ ਨਾਲ ਲਾਇਆ ਗਿਆ।

---------------------------------------------------------------

ਅਕਾਲੀ ਆਗੂ ਤੇ ਸਾਬਕਾ ਮੈਂਬਰ ਪਾਰਲੀਮੈਂਟ ਪ੍ਰੋ. ਪ੍ਰੇਮ ਸਿੰਘ

ਚੰਦੂਮਾਜਰਾ ਨੇ ਕਿਹਾ ਏ ਕਿ ਕਿਸਾਨੀ ਮਸਲਿਆਂ ਨੂੰ ਨਜਿੱਠਣ ਲਈ ਕੇਂਦਰ ਸਰਕਾਰ ਵੱਲੋਂ ਆਈ ਖੇਤੀਬਾੜੀ ਮੰਤਰਾਲਿਆ ਦੀ ਟੀਮ ਵੱਲੋਂ ਖਨੌਰੀ ਵਿਖੇ ਕਿਸਾਨ ਜਥੇਬੰਦੀਆਂ ਨਾਲ ਅੱਠ ਘੰਟੇ ਲੰਬੀ ਚੱਲੀ ਲੰਬੀ ਮੀਟਿੰਗ ਤੋਂ ਬਾਅਦ ਮੰਗਾਂ ਨੂੰ  ਵਿਚਾਰਨ ਲਈ 14 ਫਰਵਰੀ ਚੰਡੀਗੜ੍ਹ ਵਿਖੇ ਰੱਖੀ ਗਈ ਮੀਟਿੰਗ ਵਿੱਚ ਉਸਾਰੂ  ਨਤੀਜੇ ਸਾਹਮਣੇ ਆ ਸਕਣਗੇ, ਜੋ ਕਿ ਕਿਸਾਨੀ ਲਈ ਸ਼ੁਭ ਕਦਮ ਏ ਤੇ ਭਾਰਤ ਸਰਕਾਰ ਵੱਲੋਂ ਕਿਸਾਨਾਂ ਦੀਆਂ ਮੰਗਾਂ ਮੰਨਣ ਲਈ ਪਹਿਲ ਕਦਮੀ ਕਰਨੀ ਕਿਸਾਨਾਂ ਦੀ ਵੱਡੀ ਜਿੱਤ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਜੁਆਬ ਵਿੱਚ ਕਿਸਾਨਾਂ ਵੱਲੋਂ ਹਾਂ ਪੱਖੀ ਹੁੰਗਾਰਾ ਦੇਣਾ ਕਿਸਾਨੀ ਲਈ ਹੋਰ ਵੀ ਚੰਗਾ ਏ। ਪ੍ਰੋਫੈਸਰ ਚੰਦੂਮਾਜਰਾ ਨੇ ਕਿਹਾ ਕਿ ਕਿਸਾਨੀ ਹੱਕਾਂ ਲਈ ਜੂਝਦੇ ਹੋਏ ਮਰਨ ਵਰਤ ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਐਮਰਜੈਂਸੀ ਮੈਡੀਕਲ ਸਹੂਲਤ ਲੈ ਕੇ ਆਪਣੀ ਸਿਹਤ ਨੂੰ ਸੰਭਾਲਣ ਦਾ ਵੀ ਸਵਾਗਤ ਕੀਤਾ ਤੇ ਕਿਹਾ ਕਿ ਇਹ ਕਿਸਾਨੀ ਦੇ ਚੰਗੇ ਭਵਿੱਖ ਦੀਆਂ ਨਿਸ਼ਾਨੀਆਂ ਨੇ।

---------------------------------------------------

ਔਰਤਾਂ ਦੇ ICC ਅੰਡਰ 19 twenty-20 ਕ੍ਰਿਕਟ ਵਿੱਚ, ਭਾਰਤ ਨੇ ਕੁਆਲਾਲੰਪੁਰ ਦੇ Bayuemas Oval, ਵਿੱਚ ਵੈਸਟਇੰਡੀਜ਼ ਨੂੰ ਨੌਂ ਵਿਕਟਾਂ ਨਾਲ ਹਰਾਇਆ। ਵੈਸਟਇੰਡੀਜ਼ ਨੇ ਮੌਜੂਦਾ ਚੈਂਪੀਅਨ ਭਾਰਤ ਨੂੰ ਜਿੱਤ ਲਈ 45 ਦੌੜਾਂ ਦਾ ਟੀਚਾ ਦਿੱਤਾ ਸੀ। ਵੈਸਟਇੰਡੀਜ਼ ਨੇ 13.2 ਓਵਰਾਂ 'ਚ 44 ਦੌੜਾਂ ਬਣਾਈਆਂ ਤੇ ਇਸਦੀ ਸਾਰੀ ਟੀਮ OUT ਹੋ ਗਈ । ਭਾਰਤ ਨੇ 4.2 ਓਵਰਾਂ ਵਿੱਚ ਟੀਚਾ ਹਾਸਲ ਕਰ ਲਿਆ। ਅੱਜ ਗਰੁੱਪ-ਏ ਦੇ ਪਹਿਲੇ ਮੈਚ ਵਿੱਚ ਸ਼੍ਰੀਲੰਕਾ ਨੇ ਮੇਜ਼ਬਾਨ ਮਲੇਸ਼ੀਆ ਨੂੰ 139 ਦੌੜਾਂ ਨਾਲ ਹਰਾ ਦਿੱਤਾ।

---------------------------------------------------

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਦੇਸ਼, ਪੁਲਾੜ ਤਕਨਾਲਜੀ ਵਿੱਚ ਨਵੇਂ ਮਾਪਦੰਡ ਕਾਇਮ ਕਰ ਰਿਹਾ ਏ ।
- ਅੱਜ ਆਕਾਸ਼ਵਾਣੀ 'ਤੇ ਆਪਣੇ ਮਨ ਕੀ ਬਾਤ ਪ੍ਰੋਗਰਾਮ ਵਿੱਚ ਰਾਸ਼ਟਰ ਨੂੰ ਸੰਬੋਧਨ ਕਰਦਿਆਂ, ਸ਼੍ਰੀ ਮੋਦੀ ਨੇ ਪੁਲਾੜ ਖੇਤਰ ਵਿੱਚ ਰਾਸ਼ਟਰ ਦੀਆਂ ਹਾਲੀਆ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ।

- ਪੰਜਾਬ ਦੇ ਮੁਖ ਮੰਤਰੀ ਭਗਵੰਤ ਸਿੰਗ ਮਾਨ ਨੇ ਅੱਜ ਮੋਗਾ ਦੇ ਜ਼ਿਲਾ ਪ੍ਰਬੰਧਕੀ ਕੰਪਲੈਕਸ ਦੇ ਪਸਾਰ ਦੇ ਕਾਰਜ ਦਾ ਨੀਂਹ ਪਥਰ ਰਖਿਆ।
- ਜਲੰਧਰ ਦਿਹਾਤੀ ਪੁਲਿਸ ਨੇ ਮਹਿਤਪੁਰ ਤੋਂ 4 ਹਜ਼ਾਰ 30 ਲੀਟਰ ਜ਼ਹਿਰੀਲੀ ਰਸਾਇਣ ਅਧਾਰਿਤ ਸ਼ਰਾਬ ਬਰਾਮਦ ਕੀਤੀ ਏ।
- ਔਰਤਾਂ ਦੇ ICC UNDER 19, twenty – twenty ਕ੍ਰਿਕੇਟ 'ਚ ਭਾਰਤ ਨੇ ਕੁਲਾਲਾਲ੍ਮ੍ਪੁਰ 'ਚ west INDIES ਨੂੰ 9 ਵਿਕਟਾਂ ਨਾਲ ਹਰਾ ਦਿੱਤਾ ਏ।